


**E-ISSN:** 2706-8927
**P-ISSN:** 2706-8919
www.allstudyjournal.com
IJAAS 2022; 4(2): 166-169
Received: 01-03-2022
Accepted: 05-04-2022

**ਬਲਵਿੰਦਰ ਕੌਰ**
ਖੋਜਾਰਥੀ, ਪੰਜਾਬੀ ਵਿਭਾਗ ਜੰਮੂ,
ਯੂਨੀਵਰਸਿਟੀ ਜੰਮੂ

**ਅਮਨਪ੍ਰੀਤ ਕੌਰ**
ਖੋਜਾਰਥੀ, ਪੰਜਾਬੀ ਵਿਭਾਗ ਜੰਮੂ,
ਯੂਨੀਵਰਸਿਟੀ ਜੰਮੂ

**Corresponding Author:**
**ਬਲਵਿੰਦਰ ਕੌਰ**
ਖੋਜਾਰਥੀ, ਪੰਜਾਬੀ ਵਿਭਾਗ ਜੰਮੂ,
ਯੂਨੀਵਰਸਿਟੀ ਜੰਮੂ

# ਮੱਸਿਆ ਦੀ ਰਾਤ: ਇਕ ਅਧਿਐਨ

## ਬਲਵਿੰਦਰ ਕੌਰ, ਅਮਨਪ੍ਰੀਤ ਕੌਰ

ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚੋਂ ਨਾਟਕ ਇਕ ਮੱਹਤਵਪੂਰਨ ਵਿਧਾ ਮੰਨੀ ਜਾਂਦੀ ਰਹੀ ਹੈ। ਇਕੋ ਸਮੇਂ ਸਾਹਿਤ ਅਤੇ ਰੰਗਮੰਚ ਨਾਲ ਰਾਬਤਾ ਰੱਖਣ ਕਾਰਨ ਇਹ ਦੋਹਰੀ ਪ੍ਰਕਿਰਤੀ ਦਾ ਧਾਰਨੀ ਹੈ। ਪਾਠਕ ਅਤੇ ਦਰਸ਼ਕ ਵਰਗ ਇਸ ਨੂੰ ਇਕੋ ਸਮੇਂ ਦੇਖ ਅਤੇ ਪੜ੍ਹ ਸਕਦੇ ਹਨ ਇਸ ਲਈ ਇਹ ਜੀਵੰਤ ਕਲਾ ਦਾ ਰੂਪ ਧਾਰਨ ਕਰ ਲੈਂਦਾ ਹੈ। ਪੰਜਾਬੀ ਨਾਟਕ ਦੀ ਇਹ ਖੁਸ਼ਕਿਸਮਤੀ ਰਹੀ ਹੈ ਕਿ ਇਸ ਨੂੰ ਅਪਣੀਆਂ ਸੰਭਾਵਨਾਵਾਂ ਉਜਾਗਰ ਕਰਨ ਲਈ ਕੁਸ਼ਲ ਨਾਟਕਕਾਰ ਅਤੇ ਰੰਗਕਰਮੀ ਨਿਰੰਤਰ ਉਪਲੱਬਦ ਰਹੇ ਹਨ। ਇਨ੍ਹਾਂ ਵਿਚੋਂ ਸਵਰਾਜਬੀਰ ਪੰਜਾਬੀ ਨਾਟ-ਜਗਤ ਦੇ ਖੇਤਰ ਵਿਚ ਚੌਥੀ ਪੀੜ੍ਹੀ ਦਾ ਇਕ ਉੱਘਾ ਨਾਂ ਹੈ। ਉਸਨੇ ਅਪਣੀ ਲੇਖਣੀ ਰਾਹੀਂ ਪੰਜਾਬੀ ਨਾਟਕ ਨੂੰ ਨਵੀਂ ਦਿਸ਼ਾ ਵਲ ਮੋੜਿਆ । ਇਕ ਸਰਕਾਰੀ ਉੱਚ ਅਧਿਕਾਰੀ ਹੋਣ ਦੇ ਨਾਲ ਨਾਲ ਉਹ ਇਕ ਚਰਚਿਤ ਸਾਹਿਤਕਾਰ ਵੀ ਹੈ। ਉਸਨੇ ਅਪਣੀ ਰਚਨਾਤਮਕਤਾ ਦੀ ਸ਼ੁਰੂਆਤ ਕਵਿਤਾ ਰਾਹੀਂ ਕੀਤੀ ਪਰ ਉਸ ਤੋਂ ਬਾਅਦ ਨਾਟਕ ਵਿਚ ਰੂਚੀ ਹੋਣ ਕਾਰਨ ਨਾਟਕ ਲਿਖਣੇ ਆਰੰਭ ਕੀਤੇ। ਉਸਦੇ ਨਾਟਕ ਪੰਜਾਬੀ ਨਾਟ ਸਾਹਿਤ ਨੂੰ ਨਵੀਂ ਵਿਧੀ ਵਿਦਾਨ ਦੇ ਰੂ-ਬ-ਰੂ ਕਰਦੇ ਹਨ। ਉਸਦੇ ਨਾਟਕਾਂ ਦੇ ਵਿਲਖਣ ਵਿਸ਼ੇ ਉਸਨੂੰ ਸਭ ਤੋਂ ਖਾਸ ਬਣਾਉਂਦੇ ਹਨ। ਉਸਦੇ ਹੁਣ ਤੱਕ ਨੋ ਨਾਟਕ ਪ੍ਰਕਾਸ਼ਿਤ ਹੋ ਚੁਕੇ ਹਨ ਅਤੇ ਸਭ ਨਾਟਕ ਰੰਗਮੰਚ ਤੇ ਸਫ਼ਲਤਾਪੂਰਨ ਖੇਡੇ ਵੀ ਜਾ ਚੁਕੇ ਹਨ। ਮੱਸਿਆ ਦੀ ਰਾਤ ਇਸਦਾ ਛੇਵਾਂ ਪ੍ਰਕਾਸ਼ਿਤ ਨਾਟਕ ਹੈ। ਇਹ ਨਾਟਕ ਇਸਦੇ ਬਾਕੀ ਨਾਟਕਾਂ ਮੁਕਾਬਲੇ ਸਭ ਤੋਂ ਵੱਧ ਵਾਰ ਰੰਗਮੰਚ ਤੇ ਖੇਡਿਆ ਗਿਆ ਹੈ। ਨਾਟਕਕਾਰ ਨੇ 'ਮੱਸਿਆ ਦੀ ਰਾਤ' ਨੂੰ ਇਕ ਮੈਟਾਫਰ ਦੇ ਤੋਰ ਤੇ ਵਰਤਦਿਆਂ ਹੋਇਆਂ , ਉਹ ਪੰਜਾਬ ਦੀ ਅਜੋਕੀ ਸਥਿਤੀ ਵਿਚ ਬਹੁਤ ਸਾਰੀਆਂ ਸੱਮਸਿਆਵਾਂ ਨੂੰ ਪੇਸ਼ ਕਰਦਾ ਹੈ। ਨਾਟਕਕਾਰ ਨੇ ਇਸ ਸਮਾਜ ਵਿਚ ਵੱਧ ਰਹੇ ਮਰਦ ਬੱਚੇ ਦੀ ਲਾਲਸਾ ਨੂੰ ਬੜੇ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਅਗਰ ਦੇਖਿਆ ਜਾਵੇ ਤਾਂ ਇਹ ਸੱਮਸਿਆ ਕੇਵਲ ਪੰਜਾਬ ਦੀ ਹੀ ਨਹੀਂ ਸਗੋਂ ਸਮੁੱਚਾ ਭਾਰਤ ਇਸ ਦੀ ਚਪੇਟ ਵਿਚ ਹੈ। ਸਾਡੇ ਇਸ ਮਰਦ ਪ੍ਰਧਾਨ ਸਮਾਜ ਵਿਚ ਵੰਸ਼ ਅੱਗੇ ਤੋਰਨ ਲਈ ਪੁੱਤਰ ਨੂੰ ਜ਼ਰੂਰਤ ਸਮਝਿਆ ਜਾਂਦਾ ਹੈ ਅਤੇ ਜਿਹੜੀ ਔਰਤ ਮਰਦ ਬੱਚੇ ਨੂੰ ਨਾਂ ਜਨਮ ਦੇਵੇ ਉਸਨੂੰ ਸੰਪੂਰਨ ਇਸਤਰੀ ਨਹੀਂ ਮੰਨਿਆ ਜਾਂਦਾ। ਨਾਟਕਕਾਰ ਨੇ ਇਸ ਵਿਕਰਾਲ ਸੱਮਸਿਆ ਨੂੰ ਨਜਿੱਠਣ ਲਈ ਇਸ ਨਾਟਕ ਮੱਸਿਆ ਦੀ ਰਾਤ ਨੂੰ ਆਧਾਰ ਬਣਾਇਆ ਹੈ।

ਇਹ ਨਾਟਕ ਪੁੱਤਰ ਪਰਾਪਤੀ ਦੀ ਲਾਲਸਾ ਹੇਠ ਸੰਤਾਪ ਹੰਢਾ ਰਹੀ ਚੰਨੋ ਦੀ ਕਹਾਣੀ ਹੈ। ਨਾਟਕ ਦੀ ਕਥਾ ਪੰਜਾਬ ਦੇ ਇਕ ਪਿੰਡ ਨਾਲ ਸੰਬੰਧਤ ਹੈ। ਜਗੀਰ ਸਿੰਘ ਚੰਨੋ ਦਾ ਪਤੀ ਇਕ ਕਿਸਾਨ ਹੈ ਜੋ ਅਪਣੇ ਪੁਰਖੀ ਜ਼ਮੀਨ ਜ਼ਾਇਦਾਤ ਦਾ ਇਕੱਲਾ ਵਾਰਿਸ ਹੈ। ਤੇਜ ਕੌਰ ਜਗੀਰ ਸਿੰਘ ਦੀ ਮਾਂ ਜਿਸ ਨੂੰ ਆਸ ਹੈ ਪੋਤਰੇ ਨੂੰ ਵਿਹੜੇ ਵਿਚ ਖੇਡਦੇ ਦੇਖਣ ਦੀ। ਚੰਨੋ ਦੀਆਂ ਪਹਿਲਾਂ ਦੋ ਧੀਆਂ ਹਨ, ਹੁਣ ਤੀਜੀ ਵਾਰ ਫੇਰ ਮਾਂ ਬਣਨ ਵਾਲੀ ਹੈ। ਉਸ ਦੇ ਘਰ ਵਾਲਿਆਂ ਨੂੰ ਇਸ ਵਾਰ ਵਿਸ਼ਵਾਸ ਹੈ ਇਸ ਵਾਰ ਮੁੰਡਾ ਹੀ ਹੋਵੇਗਾ। ਘਰ ਵਿਚ ਖੁਸ਼ੀ ਦਾ ਮਾਹੋਲ ਹੈ। ਚੰਨੋ ਨੂੰ ਵੀ ਇਸ ਵਾਰ ਮੁੰਡੇ ਹੋਣ ਦੀ ਉਮੀਦ ਹੈ ਜੋ ਉਸਦੇ ਘਰ, ਜ਼ਮੀਨ ਜ਼ਾਇਦਾਤ ਦਾ ਵਾਰਸ ਬਣੇਗਾ। ਪਿੰਡ ਦੀ ਦਾਈ ਨਸੀਬੋ ਵੀ ਅਪਣੇ ਤਜ਼ਰਬੇ ਅਨੁਸਾਰ ਚੰਨੋ ਨੂੰ ਮੁੰਡਾ ਹੋਣ ਦੀ ਸੰਭਾਵਨਾ ਦਾ ਦਾਅਵਾ ਕਰਦੀ ਹੈ ਪਰ ਇਸ ਵਾਰ ਫੇਰ ਚੰਨੋ ਇਕ ਧੀ ਨੂੰ ਜਨਮ ਦੇਂਦੀ ਹੈ, ਤੇਜ ਕੌਰ ਪਿਟਦੀ ਹੋਈ ਬਾਹਰ ਆਉਂਦੀ ਹੈ:

ਤੇਜ ਕੌਰ: (ਪਿਟਦੀ ਹੋਈ) ਮਿਹਰ ਕਿੱਥੇ। ਇਸ ਵਿਹੜੇ ਮਿਹਰ ਕਿੱਥੇ ਹੋਣੀ! ਭਾਗ ਫੁੱਟ ਗਏ। ਹਾਏ ਨੀ ਕੁਲਹਿਣੀ ਨੇ ਮਾਰ ਸੁਟਿਐ ਨੀ ਕਿਸੇ ਪਾਸੇ ਜੋਗਾ ਨਹੀਂ ਛੱਡਿਆ! ਇਕ ਹੋਰ ਪੱਥਰ ਜੰਮ ਸੁਟਿਐ! ਨੀ ਸਾਡੇ ਵਿਹੜੇ ਫੁੱਲ ਕਿਉਂ ਨਹੀਂ ਖਿੜਿਆ ਹਾਏ ਪੁੱਤ, ਹੁਣ ਕੀ ਹੋਵੇਗਾ।

ਨਸੀਬੋ: ਨੀ ਬੀਬੀ, ਧੀਰਜ ਰੱਖ ਏਦਾਂ ਨਾ ਕਰ ਉਹਦੇ ਅੱਗੇ ਕਾਹਦਾ ਜ਼ੋਰ![1]

ਇਸ ਨਾਟਕ ਵਿਚ ਨਾਟਕਕਾਰ ਨੇ ਇਹ ਦਰਸਾਇਆ ਹੈ ਕਿ ਇਕ ਔਰਤ ਵੀ ਇਸ ਪੁਰਖ ਪ੍ਰਧਾਨ ਸਮਾਜ ਤੋਂ ਲੰਘਦੀ ਹੋਈ ਅਚੇਤ ਜਾਂ ਸੁਚੇਤ ਤੋਰ ਤੇ ਇਸ ਮਾਨਸਿਕਤਾ ਨੂੰ ਆਪਣਾ ਆਂਤਰਿਕ ਹਿੱਸਾ ਬਣਾ ਲੈਂਦੀ ਹੈ। ਉਸਨੂੰ ਵੀ ਅਪਣੇ ਪਰਿਵਾਰ ਦਾ ਵੰਸ਼ ਅੱਗੇ ਵਧਾਉਂਣ ਲਈ ਪੋਤਰੇ ਦੀ ਲਾਲਸਾ ਹੁੰਦੀ ਹੈ। ਤੇਜ ਕੌਰ ਵੀ ਦਸਦੀ ਹੈ ਜਦੋਂ ਉਹ ਵਿਆਹ ਕੇ ਇਸ ਘਰ ਆਈ ਸੀ ਤਾਂ ਉਸਦੇ ਵੀ ਤਿੰਨ ਕੁੜੀਆਂ ਹੋਈਆਂ ਸਨ ਤੇ ਉਸਦੀ ਸੱਸ ਉਸਨੂੰ ਬੜੇ ਤਾਹਣੇ ਮਾਰਦੀ ਸੀ ਪਰ ਜਗੀਰ ਸਿੰਘ ਦੇ ਹੋਣ ਨਾਲ ਜਿਵੇਂ ਉਸਦੀ ਜੂਨ ਹੀ ਬਦਲ ਗਈ। ਉਸਦੀ ਥਾਂ ਮੁੰਡਾ ਜੰਮਣ ਨਾਲ ਕਈਂ ਗੁਣਾ ਵੱਧ ਗਈ ਸੀ। ਪਰ ਚੰਨੋ ਦੇ ਕੁੜੀ ਜੰਮਣ ਨਾਲ ਉਹ ਦੁਖੀ ਹੋ ਜਾਂਦੀ ਹੈ, ਜਿਵੇਂ ਉਸਦੀਆਂ ਸਧਰਾਂ ਦੇ ਖੰਭ ਟੁੱਟ ਕੇ ਧਰਤੀ ਤੇ ਡਿਗ ਗਏ ਹੋਣ। ਦਰਅਸਲ ਮਰਦ ਬੱਚੇ ਦੀ ਇੱਛਾ ਔਰਤ ਲਈ ਅਪਣੀ ਮੌਲਿਕ ਨਹੀਂ ਹੁੰਦੀ ਸਾਡਾ ਮਰਦ ਪ੍ਰਧਾਨ ਸਮਾਜ ਔਰਤ ਦੀ ਜ਼ਹਿਨੀਅਤ ਵਿਚ ਇਹ ਅੰਧਵਿਸ਼ਵਾਸ ਘੋਲ ਦਿੰਦਾ ਹੈ ਕਿ ਜਿਹੜੀ ਔਰਤ ਮਰਦ ਬੱਚੇ ਨੂੰ ਜਨਮ ਨਹੀਂ ਦਿੰਦੀ ਉਹ ਅਧੂਰੀ ਰਹਿੰਦੀ ਹੈ ਅਤੇ ਉਹ ਸਮਾਜ ਵਲੋਂ ਤ੍ਰਿਸਕਾਰੀ ਜਾਂਦੀ ਹੈ। ਤੇਜ ਕੋਰ ਹਰ ਹਾਲਤ ਵਿਚ ਅਪਣੇ ਪੋਤਰੇ ਦਾ ਮੂੰਹ ਦੇਖਣਾ ਚਾਹੁੰਦੀ ਹੈ। ਉਹ ਅਪਣਾ ਦੁੱਖ ਅਪਣੀ ਗੁਆਂਢਣ ਨਾਲ ਸਾਂਝਾ ਕਰਦੀ ਹੈ

ਤੈਨੂੰ ਪਤਾ ਐ...ਕੀ ਮਰ ਜਾਣਾ ਰੋਗ ਲੱਗ ਗਿਆ ਸੀ ਜਗੀਰ ਸਿਓਂ ਦੇ ਪਿਉ ਨੂੰ...ਕਿੰਨੀ ਦੇਰ ਪਿਛਲੀ ਕੋਠੜੀ ਚ ਪਿਐ ਰਿਹਾ....ਫੇਫੜੇ ਗਲ ਗਏ....ਕਿੰਨੀ ਸੇਵਾ ਕੀਤੀ ਮੈਂ....ਇੱਕ ਦਿੰਨ ਮੈਂਨੂ ਕਹਿਣ ਲੱਗਾ....ਪਈ ਮੇਰੇ ਕੋਲ ਬਹਿ, ਕੁਛ ਗੱਲ ਕਰਨੀ ਐ...ਮੈਂ ਕਿਹਾ ਦੱਸ ਕੀ ਐ ਤੇਰੇ ਦਿਲ 'ਚ...ਕਹਿੰਦਾ ਹੁਣ ਮੈਂ ਬਚਣਾ ਨਈਓਂ.......ਜਗੀਰ ਸਿਓਂ ਨੂੰ ਕਿਸੇ ਚੰਗੇ ਘਰ ਵਿਆਹੀਂ.... ਵਿਹੜੇ 'ਚ ਪੋਤਰੇ ਪੇਡਣ...ਜੱਗ ਤੇ ਮੇਰਾ ਨਾਂ ਤੁਰਦੇ ਰਹੇ ਉਦ੍ਹਾ ਨਾਂ ਕਿਵੇਂ ਤੁਰੇਗਾ...ਕਿਵੇਂ ਤੁਰੇਗਾ? ਜਗੀਰ ਸਿਓਂ ਦੇ ਪਿਉ ਦਾ ਨਾਂ ਜਗੀਰ ਸਿਓਂ ਦਾ ਨਾਂ.....![2]

ਤੇਜ ਕੌਰ ਇਕ ਔਰਤ ਹੋ ਕੇ ਦੂਜੀ ਔਰਤ ਨੂੰ ਨਿੰਦਨਯੋਗ ਸਮਝਦੀ ਹੈ ਉਸਦੀ ਨੂੰਹ, ਜੋ ਦੋ ਵਾਰ ਪਹਿਲਂ ਜਣੇਪਾ ਕੱਟ ਚੁਕੀ ਹੈ ਉਸਦੀ ਸੱਸ ਉਸਨੂੰ ਤ੍ਰਿਸਕਾਰ ਦੀ ਭਾਵਨਾ ਵਜੋਂ ਦੇਖਦੀ ਹੈ ਅਤੇ ਜਗੀਰ ਸਿੰਘ ਨੂੰ ਦੂਜੇ ਵਿਆਹ ਬਾਰੇ ਸਲਾਹ ਦਿੰਦੀ ਹੈ। ਇਹ ਗੱਲਾਂ ਚੰਨੋ ਵੀ ਛੱਪ ਕੇ ਸੁਣ ਲੈਂਦੀ ਹੈ ਅਤੇ ਦੁੱਖੀ ਹੈ ਜਾਂਦੀ ਹੈ। ਇਕ ਪਾਸੇ ਤਾਂ ਉਸਨੂੰ ਪੁੱਤਰ ਨਾ ਹੋਣ ਕਰਕੇ ਅਪਣੇ ਪਤੀ ਦੇ ਜਗ 'ਤੇ ਨਾਮ ਨਾ ਰਹਿਣ ਦਾ ਝੋਰਾ ਹੁੰਦਾ ਹੈ ਅਤੇ ਦੂਜੇ ਪਾਸੇ ਉਹ ਅਪਣੇ ਆਪ ਨੂੰ ਕਸੂਰਵਾਰ ਸਮਝੀ ਹੋਈ ਅੰਦਰੋ ਅੰਦਰ ਸੰਤਾਪ ਹੰਢਾਉਂਦੀ ਹੈ।ਜਦੋਂ ਨਸੀਬੋ ਚੰਨੋ ਨੂੰ ਹੋਂਸਲਾ ਦੇਣ ਲਈ ਉਸਨੂੰ ਮਿਲਣ ਆਉਂਦੀ ਹੈ ਤਾਂ ਚੰਨੋ ਉਸ ਨਾਲ ਅਪਣੇ ਦੁੱਖ ਫਲੋਰਦੀ ਕਹਿੰਦੀ ਹੈ:

ਚੰਨੋ: ਵੇਖ ਨਸੀਬੋ ਫਿਰ ਮੇਰੇ ਨਾਲ ਕੀ ਹੋਇਆ....ਮੇਰੀ ਕੁੱਖ 'ਚ ਫਿਰ ਧੀ ਆਈ....ਨਸੀਬੋ ਤੂੰ ਹੀ ਦੱਸ....ਕੀ ਹੋ ਗਿਆ ਏ ਮੇਰੀ ਕੁੱਖ ਨੂੰ ਮੇਰੇ ਘਰ ਪੁੱਤ ਕਿਉਂ ਨਹੀਂ ਆਉਂਦਾ? ਮੇਰੀ ਮਾਂ ਨੇ ਸੱਤ ਪੁਤ ਜੰਮੇ ਸਨ! ਸ਼ੀਹਾਂ ਅਰਗੇ ਜਵਾਨ! ਨ੍ਹੇਰੀ ਰਾਤ ਨੂੰ ਕੱਠੇ ਤੁਰਦੇ ਆਉਂਦੇ....ਤਾਂ ਇਉਂ ਲੱਗਦਾ....ਜਿਵੇਂ ਕਾਂਗ ਚੜ੍ਹ ਆਈ ਹੋਵੇ। ਪਰ ਮੈਂਨੂ ਕੀ ਹੋ ਗਿਆ ਨਸੀਬੋ!

ਨਸੀਬੋ: ਕੁੜੀਏ ਹੋਂਸਲਾ ਰੱਖ....ਉਹ ਦਾਤਾ ਦੇਵਨਹਾਰ ਏ!

ਚੰਨੋ: ਕੀ ਹੌਸਲਾਂ ਰੱਖਾਂ? ਤਿੰਨ ਸੂਤਕ ਕੋਈ ਘਟ ਨਹੀਂ ਹੁੰਦੇ....ਤੂੰ ਵੀ ਕਹਿੰਦੀ ਸੀ ਪੁੱਤ ਹੋਵੇਗਾ![3]

ਉਸਨੂੰ ਦੁੱਖੀ ਦੇਖ ਨਸੀਬੋ ਉਸਨੂੰ ਪਿੰਡ ਵਿਚ ਇਕ ਮਾਤਾ ਕੋਲ ਜਾਣ ਦੀ ਸਲਾਹ ਦਿੰਦੀ ਹੈ। ਚੰਨੋ ਪੁੱਤਰ ਦੇ ਮੋਹ ਵਿਚ ਭਿੱਜੀ ਮਾਤਾ ਕੋਲ ਜਾਣ ਲਈ ਝਟ ਤਿਆਰ ਹੋ ਜਾਂਦੀ ਹੈ। ਮਾਤਾ ਇਕ ਔਰਤ ਹੈ, ਜੋ ਦਾਅਵਾ ਕਰਦੀ ਹੈ ਉਸ ਕੋਲ ਕੋਈ ਅਪਾਰ ਸ਼ਕਤੀ ਹੈ ਜੋ ਉਹ ਸਭ ਦੀਆਂ ਮੂੰਹ ਮੰਗੀਆਂ ਮੁਰਾਂਦਾ ਪੂਰਨ ਕਰ ਦਿੰਦੀ ਹੈ। ਮਾਤਾ ਅਪਣੇ ਆਸਨ ਤੇ ਵਿਰਾਜਮਾਨ ਹੋ ਕੇ ਚੰਨੋ ਤੋਂ ਉਸਦੀ ਸਮੱਸਿਆ ਪੁਛਦੀ ਹੈ ਅਤੇ ਦਸਤੀ ਹੈ ਉਸਦੇ ਕਰਮਾ ਵਿਚ ਪੁੱਤਰ ਨਹੀਂ ਹੈ ਪਰ ਚੰਨੋ ਰੋਂਦੀ ਕੁਰਲਾਉਂਦੀ ਮਾਤਾ ਨੂੰ ਕਹਿੰਦੀ ਹੈ

ਚੰਨੋ: ਮੈਂ ਤੇਰੇ ਦਰ 'ਤੇ ਆਈ ਆਂ ਮਾਤਾ.... ਮੇਰੀ ਜਾਨ ਲੈ ਲੈ, ਪਰ ਮੈਂਨੂ ਇਕ ਪੁੱਤ ਦੇ ਦੇ...!"[4]

ਮਾਤਾ ਉਸਦੀ ਸ਼ਿੱਦਤ ਨੂੰ ਦੇਖ ਕੇ ਉਸਨੂੰ ਇਕ ਰਾਹ ਦਸਤੀ ਹੈ ਕਿ ਉਸਨੂੰ ਮੱਸਿਆ ਦੀ ਕਾਲੀ ਰਾਤ ਨੂੰ ਕਿਸੇ ਮਰਦ ਬੱਚੇ ਦੀ ਬਲੀ ਦੇ ਕੇ ਉਸਦੇ ਖ਼ੂਨ ਨਾਲ ਨਹਾਉਣਾ ਲਈ ਕਹਿੰਦੀ ਹੈ ਅਤੇ ਬੋਲਦੀ ਹੈ ਜੇ ਉਹ ਇਹ ਕੰਮ ਕਰੇਗੀ ਤਾਂ ਹੀ ਉਸਦੀ ਮਨੋਂਕਾਮਨਾ ਦੀ ਪੂਰਤੀ ਹੋ ਸਕੇਗੀ ਅਤੇ ਉਸਦੀ ਕੁੱਖ ਫੱਲੇਗੀ। ਚੰਨੋ ਦੁਵਿਧਾ ਵਿਚ ਪਈ ਘਰ ਆ ਕੇ ਸਾਰੀ ਗੱਲ ਜਗੀਰ ਸਿੰਘ ਨੂੰ ਦਸਦੀ ਹੈ ਪਰ ਉਹ ਇਸਦਾ ਸਖਤ ਵਿਰੋਧ ਕਰਦਾ ਹੈ। ਪਰ ਚੰਨੋ ਪੁੱਤਰ ਦੀ ਲਾਲਸਾ ਵਿਚ ਯੋਜਨਾ ਬਣਾਉਣ ਲੱਗ ਪੈਂਦੀ ਹੈ। ਉਸਨੂੰ ਅਪਣੀ ਧੀਆਂ ਦਾ ਭਵਿਖ ਖਤਰੇ ਵਿਚ ਦਿਸਦਾ ਹੈ ਉਸਨੂੰ ਲਗਦਾ ਹੈ ਉਸਦੀ ਸੱਸ ਜਗੀਰ ਸਿੰਘ ਦਾ ਦੂਜਾ ਵਿਆਹ ਕਰਵਾ ਦੇਗੀ ਤਾਂ ਉਸਦਾ ਅਤੇ ਉਸਦੀਆਂ ਧੀਆਂ ਦਾ ਕੀ ਹੋਵੇਗਾ ਇਸ ਲਈ ਉਹ ਕਿਸੇ ਦੇ ਬੱਚੇ ਦੀ ਬਲੀ ਦੇਣ ਲਈ ਤਿਆਰ ਹੋ ਜਾਂਦੀ ਹੈ। ਉਸਦੇ ਘਰ ਇਕ ਮੰਗਤੀ ਅਪਣੇ ਬੱਚੇ ਨੂੰ ਲੈ ਕੇ ਆਉਂਦੀ ਰਹਿੰਦੀ ਹੈ। ਚੰਨੋ ਉਸਨੂੰ ਕਹਿੰਦੀ ਹੈ ਤੂੰ ਕਿਥੇ ਇਸ ਬੱਚੇ ਨੂੰ ਲੈ ਕੇ ਧੁੱਪ ਵਿਚ ਫਿਰਦੀ ਰਹਿੰਦੀ ਹੈ ਇਸ ਨੂੰ ਮੇਰੀਆਂ ਧੀਆਂ ਕੋਲ ਛੱਡ ਜਾਇਆ ਕਰ ਖੇਡਨ ਲਈ, ਤੇ ਸ਼ਾਮ ਨੂੰ ਲੈ ਜਾਇਆ ਕਰ ਚੰਨੋ ਅਪਣੇ ਘਿਨੋਣੇ ਅਪਰਾਧ ਦੀ ਪੂਰਤੀ ਲਈ ਮੰਗਤੀ ਨੂੰ ਅਪਣੇ ਜਾਲ ਵਿਚ ਫਸਾ ਲੈਂਦੀ ਹੈ ਅਤੇ ਮੱਸਿਆ ਦੀ ਘੁੱਪ ਹਨੇਰੀ ਰਾਤ ਨੂੰ ਚੋਰਾਹੇ ਤੇ ਉਸਦੇ ਮਾਸੂਮ ਬੱਚੇ ਦੀ ਬਲੀ ਦੇ ਕੇ, ਮਾਤਾ ਦੇ ਕਹੇ ਅਨੁਸਾਰ ਉਸਦੇ ਲਹੂ ਨਾਲ ਸ਼ਨਾਨ ਕਰਦੀ ਹੈ। ਉਸਨਾਲ ਉਸਨੂੰ ਲਗਦਾ ਹੈ ਜਿਵੇਂ ਉਸਦੇ ਢਿੱਡ ਵਿਚੋਂ ਕੋਈ ਉਸਨੂੰ ਆਵਾਜ਼ ਮਾਰ ਰਿਹਾ ਹੋਵੇ। ਜਦੋਂ ਉਹ ਬੱਚੇ ਨੂੰ ਮਾਰ ਕੇ ਜਗੀਰ ਸਿੰਘ ਨੂੰ ਦਸਦੀ ਹੈ ਤਾਂ ਉਹ ਹੱਕਾ ਬੱਕਾ ਰਹਿ ਜਾਂਦਾ ਹੈ। ਬੇਵੱਸ ਮਨੁੱਖੀ ਜੀਵਨ ਤੋਂ ਉੱਪਜੀ ਹਾਲਤ ਜਾਨ ਲੈਣ ਦੀ ਪ੍ਰਵਿਰਤੀ ਧਾਰਨ ਕਰਦਾ ਜਗੀਰ ਸਿੰਘ ਚੰਨੋ ਨੂੰ ਕਹਿੰਦਾ ਹੈ:

ਜਗੀਰ ਸਿੰਘ: (ਚੀਖਦਾ ਹੋਇਆ) ਕੀ ਕੀਤਾ ਈ? ਉਹਨੂੰ ਮਾਰ ਦਿੱਤਾ ਈ! ਪਾਪਣੇ ਤੇਰੀ ਕੁੱਖ ਨਹੀ ਫਲਣੀ

ਚੰਨੋ: ਕੁੱਖ ਕਿਉਂ ਨਹੀਂ ਫਲਣੀ? ਜਦੋਂ ਦਾ ਉਹਦਾ ਲਹੂ ਮੇਰੀ ਦੇ 'ਤੇ ਪਿਆ ਏ.......ਮੇਰੀ ਕੁੱਖ ਦੀ ਤਾਂ ਜੂਨ ਹੀ ਬਦਲ ਗਈ ਏ! ਹੁਣ ਮੇਰੀ ਕੁੱਖ 'ਚ ਮੇਰਾ ਪੁੱਤ ਏ....ਮੇਰਾ ਬੱਚਾ ਹੈ ਮੇਰੀ ਕੁੱਖ ਚ ਮੇਰੀ ਕੁੱਖ ਬੋਲ ਰਹੀ ਏ ਮੇਰਾ ਪੁੱਤ ਬੋਲ ਰਿਹਾ ਏ!

ਜਗੀਰ ਸਿੰਘ: ਚੁਪ ਰਹਿ ਪਾਪਣੇ! ਚੁੱਪ ਰਹਿ......![5]

ਯੁਗਾਂ ਤੋਂ ਸੰਤੁਸ਼ਟੀ ਅਤੇ ਆਪਣੀ ਹੋਂਦ ਦੀ ਤਲਾਸ਼ ਕਰਦੀ ਔਰਤ ਦੀ ਪ੍ਰਤੀਨਿਧ ਬਣੀ ਚੰਨੋ ਮਰਦ-ਪ੍ਰਧਾਨ ਸਮਾਜ ਦੀ ਅਧੀਨਗੀ ਸਵੀਕਾਰਦੀ ਹੋਈ ਆਪਣੀ ਹੋਂਦ ਪੁੱਤਰ ਪੈਦਾਇਸ਼ ਵਿਚੋਂ ਲੱਭਦੀ ਹੋਈ ਮਨ ਦੀ ਅਚੇਤ-ਸੁਚੇਤ ਹਾਲਤ ਵਿਚਲੇ ਦਵੰਦ ਵਿਚ ਘਿਰੀ ਸਵੈ-ਸਮੋਹਨ ਦੀ ਅਜਿਹੀ ਅਵਸਥਾ ਵਿਚ ਪੁੱਜ ਜਾਂਦੀ ਹੈ ਜਿੱਥੇ ਉਸਨੂੰ ਜ਼ਿੰਦਗੀ ਅਤੇ ਮੌਤ ਵਿਚਲਾ ਫ਼ਰਕ ਨਜ਼ਰ ਨਹੀਂ ਆਉਂਦਾ ਅਤੇ ਅਧੂਰੀ ਰਹਿ ਗਈ ਚਾਹਤ ਦੀ ਪੂਰਤੀ ਲਈ ਅਸਮਰੱਥ ਮਹਿਸੂਸ ਕਰਦੀ ਹੋਈ ਅਪਣੇ ਆਪ ਨੂੰ ਦਾਤਰ ਨਾਲ ਮਾਰ ਛੱਡਦੀ ਹੈ ਅਤੇ ਅੰਤ ਵਿਚ ਕਹਿੰਦੀ ਹੈ:

"ਮੇਰਾ ਪੁੱਤਰ ਮੇਰੇ ਲਹੂ ਵਿਚ ਆ ਗਿਐ ਇਹ ਆਖ ਉਸੇ ਉਮੀਦ ਵਿਚ ਹੀ ਬਾਲਟੀ ਵਿਚੋਂ ਦਾਤਰ ਕੱਢ ਕੇ ਅਪਣੇ ਢਿੱਡ ਵਿਚ ਮਾਰ ਲੈਂਦੀ ਹੈ"[6]

ਨਾਟਕ ਦੇ ਸਮੁੱਚੀ ਕਥਾ ਵਿਚ ਮੱਸਿਆ ਦੀ ਰਾਤ ਬੁਰਾਈ ਦੀ ਰਾਤ ਵਜੋਂ ਸਾਹਮਣੇ ਆਉਂਦੀ ਹੈ।

ਇਨਸਾਈਕਲੋਪੀਡੀਆ ਆਫ ਰੀਲੀਜਨ ਅਨੁਸਾਰ:

"ਭਾਰਤੀ ਸਮਾਜ ਵਿੱਚ ਚੰਦਰਮਾ ਨਾਲ ਦੋ ਤਰ੍ਹਾਂ ਦੀਆਂ ਰਾਤਾਂ ਦਾ ਸੰਬੰਧ ਮੰਨਿਆ ਜਾਂਦਾ ਹੈ ਇਕ ਜਦੋਂ ਚੰਦਰਮਾ ਪੂਰੀ ਤਰ੍ਹਾਂ ਸਫੇਦ ਹੁੰਦਾ ਹੈ। ਸਫੇਦ ਚੰਦਰਮਾ ਨਾਲ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ ਜੁੜੇ ਹੋਏ ਹਨ। ਜਿਵੇਂ ਫ਼ਸਲ ਦੀ ਬਿਜਾਈ ਉਦੋਂ ਹੁੰਦੀ ਹੈ ਜਦੋਂ ਚੰਦਰਮਾ ਪੂਰਾ ਸਫੇਦ ਹੁੰਦਾ ਤੇ ਜਿਵੇਂ ਜਿਵੇਂ ਚੰਦਰਮਾ ਦੀ ਸਫੇਦੀ ਘਟਦੀ ਹੈ ਤਾਂ ਉਸ ਸਮੇਂ ਫ਼ਸਲ ਦੀ ਕਟਾਈ ਸ਼ੁਰੂ ਹੁੰਦੀ ਹੈ। ਜਦੋਂ ਚੰਦਰਮਾ ਪੂਰਾ ਸਫੇਦ ਹੁੰਦਾ ਹੈ ਤਾਂ ਸੋਨਾ, ਚਾਂਦੀ ਅਤੇ ਪੈਸਿਆਂ ਤੇ ਚੰਦਰਮਾ ਦਾ ਪ੍ਰਕਾਸ਼ ਪਵਾਇਆ ਜਾਂਦਾ ਹੈ। ਛੋਟੇ

ਬੱਚੇ ਦੇ ਸਰੀਰ ਤੇ ਚੰਦਰਮਾ ਦੀਆਂ ਕਿਰਨਾਂ ਪਵਾਈਆਂ ਜਾਂਦੀਆਂ ਹਨ। ਇਹ ਵਿਸ਼ਵਾਸ ਮੰਨਿਆ ਜਾਂਦਾ ਹੈ ਕਿ ਇਸ ਨਾਲ ਬੱਚੇ ਦਾ ਸਰੀਰ ਜਲਦੀ ਵੱਧਦਾ-ਫੁਲਦਾ ਤੇ ਤੰਦਰੁਸਤ ਰਹਿੰਦਾ ਹੈ।"[7]

ਇਸ ਤਰ੍ਹਾਂ ਚੰਦਰਮਾ ਨਾਲ ਕੁਝ ਹੋਰ ਵੀ ਧਾਰਨਾਵਾਂ ਜੋੜੀਆਂ ਜਾਂਦੀਆਂ ਹਨ ਪੁੰਨਿਆ ਜਾਂ ਪੂਰਨਮਾਸ਼ੀ ਦੀ ਰਾਤ ਦਾ ਪੂਰਾ ਚਿੱਟਾ ਗੋਲ ਚੰਦਰਮਾ ਜ਼ਿੰਦਗੀ ਵਿਚ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਇਸੇ ਤਰ੍ਹਾਂ 'ਮੱਸਿਆ ਦੀ ਰਾਤਾ ਨੂੰ ਪੂਰੇ ਕਾਲੇ ਚੰਦਰਮਾ ਨਾਲ ਵੀ ਕਈ ਲੋਕ ਵਿਸ਼ਵਾਸ ਜੁੜੇ ਹੋਏ ਹਨ। ਭਾਰਤੀ ਸਮਾਜ ਵਿੱਚ ਜਿਸ ਰਾਤ ਮੱਸਿਆ ਚੰਦਰਮਾ ਅਦ੍ਰਿਸ਼ ਹੁੰਦਾ ਹੈ। ਉਸ ਰਾਤ ਨੂੰ ਅਪਸ਼ਗਨਾ ਦੀ ਰਾਤ ਮੰਨਿਆ ਜਾਂਦਾ ਹੈ ਕਿਉਂਕਿ ਹਨੇਰਾ ਅਗਿਆਨਤਾ ਅਤੇ ਨਾਕਾਰਾਤਮਕਤਾ ਦਾ ਪ੍ਰਤੀਕ ਹੈ।

ਚੰਨੋ ਵੀ ਅਗਿਆਨਤਾ ਦੇ ਹਨੇਰੇ ਵਿਚ ਖੁਭ ਗਈ ਹੁੰਦੀ ਹੈ ਕਿ ਉਸਨੂੰ ਸਹੀ ਅਤੇ ਗਲਤ ਦਾ ਫਰਕ ਦਿਸਣੋ ਹੱਟ ਜਾਂਦਾ ਹੈ। ਮਰਦ ਬੱਚੇ ਦੀ ਖਾਤਰ ਕਿਸੇ ਦੂਜੇ ਮਾਸੂਮ ਨਰ ਬੱਚੇ ਜੀ ਜਾਨ ਜਿਹੇ ਘਿਨਾਉਣੇ ਅਪਰਾਧ ਨੂੰ ਉਪਾਅ ਦੇ ਰੂਪ ਵਜੋਂ ਸਵੀਕਾਰ ਕਰ ਲੈਂਦੀ ਹੈ। ਮੱਸਿਆ ਦੀ ਰਾਤ ਉਸਦੇ ਅਸੰਤੁਸ਼ਟੀ ਭਰੇ ਮਨ ਦੇ ਹਨ੍ਹੇਰੇ ਦਾ ਚਿਹਨ ਹੈ ਜਿਸ ਵਿਚੋਂ ਰੋਸ਼ਨੀ ਲੱਭਦੀ ਘੁੱਪ ਕਾਲੇ ਹਨ੍ਹੇਰੇ ਵਿਚ ਡੁੱਬ ਜਾਂਦੀ ਹੈ ਅਤੇ ਦੋਹਰੀ ਮਾਨਸਿਕਤਾ ਦਾ ਸ਼ਿਕਾਰ ਹੋਕੇ ਅਚੇਤ ਅਤੇ ਸੁਚੇਤ ਵਿਚਲੇ ਦਵੰਦ ਵਿਚ ਫਸ ਕੇ ਰਹਿ ਜਾਂਦੀ ਹੈ ਅਤੇ ਇਕ ਪਾਪ ਕਰ ਬੈਠਦੀ ਹੈ ਜਿਸ ਦਾ ਅੰਜਾਮ ਉਸਨੂੰ ਅਪਣੀ ਜਾਨ ਦੇ ਕੇ ਭੁਗਤਣਾ ਪੈਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਇਹ ਨਾਟਕ ਔਰਤ ਦੀ ਯੁੱਗਾਂ ਤੋਂ ਮਰਦ ਪ੍ਰਧਾਨ ਸਮਾਜ ਦੇ ਸ਼ਿਕੰਜੇ ਵਿਚ ਜਕੜੀ ਮਾਨਸਿਕਤਾ ਨੂੰ ਦਰਸਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਨਾਟਕ ਦੀ ਮੁੱਖ ਪਾਤਰ ਚੰਨੋ ਜੋ ਪੁੱਤਰ ਦੀ ਲਾਲਤਾ ਵਿਚ ਆਕੇ ਇਕ ਘੋਰ ਅਪਰਾਧ ਕਰ ਲੈਂਦੀ ਹੈ ਪਰ ਕਿਤੇ ਨਾ ਕਿਤੇ ਇਸ ਲਈ ਸਾਡਾ ਸਮਾਜ ਵੀ ਜਿੰਮੇਵਾਰ ਹੈ ਜੋ ਅੰਧ ਵਿਸ਼ਵਾਸਾਂ ਵਿਚ ਪੈ ਕੇ ਮਾਤਾ ਜਿਹੀਆਂ ਪਖੰਡ ਔਰਤਾ ਦੇ ਝਾਂਸੇ ਵਿਚ ਫਸ ਕੇ ਇਕ ਗੈਰ ਸਮਾਜਿਕ ਕੰਮ ਕਰਨ ਵਲ ਪ੍ਰੇਰਿਤ ਹੋ ਜਾਂਦਾ ਹੈ ਜੋ ਮਰਦ ਬੱਚੇ ਲਈ ਮਾਤਾ ਦਾ ਸਹਾਰਾ ਲੈਂਦੇ ਹਨ ਅਤੇ ਗੈਰ ਕਾਨੂੰਨੀ ਕੰਮ ਕਰਦੇ ਹਨ। ਚੰਨੋ ਦੀ ਮਾਨਸਿਕਤਾ ਇਸ ਕਦਰ ਝੰਜੋੜੀ ਜਾਂਦੀ ਹੈ ਕਿ ਇਕ ਮਾਂ ਹੋਣ ਦੇ ਨਾਤੇ ਉਹ ਕਿਸੇ ਦੂਜੇ ਦੇ ਪੁੱਤਰ ਦਾ ਕਤਲ ਕਰਨ ਤੋਂ ਵੀ ਸੰਕੋਚ ਨਹੀ ਕਰਦੀ। ਸਵਰਾਜਬੀਰ ਨੇ ਇਹ ਵੀ ਦਰਸਾਇਆ ਹੈ ਕਿ ਗੈਰ ਅਮਾਨਵੀ ਕੰਮ ਕਰਕੇ ਔਰਤ ਸੁੱਖ ਜਾਂ ਬੱਚੇ ਦੀ ਪ੍ਰਾਪਤੀ ਨਹੀਂ ਕਰ ਸਕਦੀ। ਇਸੇ ਦੰਵਦ ਵਿਚੋਂ ਗੁਜ਼ਰਦੀ ਚੰਨੋ ਸਹੀ ਅਤੇ ਗਲਸ ਦਾ ਫੈਸਲਾ ਲੈਣੋ ਅਸਮਰੱਥ ਹੋ ਜਾਂਦੀ ਹੈ। ਨਾਟਕਕਾਰ ਨੇ ਇਸ ਗੰਭੀਰ ਸੱਮਸਿਆ ਦੀ ਪੇਸ਼ਕਾਰੀ ਬੜੀ ਨਿੱਠ ਕੇ ਕੀਤੀ ਹੈ ਉਸਦੇ ਇਸ ਉਪਰਾਲੇ ਲਈ ਅਸੀਂ ਉਸਦੀ ਸਰਾਹਣਾ ਕਰਦੇ ਹੈ ।

## ਹਵਾਲੇ ਅਤੇ ਟਿੱਪਣੀਆਂ


1. ਸਵਰਾਜਬੀਰ, ਮੱਸਿਆ ਦੀ ਰਾਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ-33
2. ਉਹੀ, ਪੰਨਾ-46
3. ਉਹੀ, ਪੰਨਾ-36
4. ਉਹੀ, ਪੰਨਾ-59
5. ਉਹੀ, ਪੰਨਾ-80
6. ਉਹੀ, ਪੰਨਾ-85
7. ਇਨਸਾਈਕਲੋਪੀਡੀਆ ਆਫ਼ ਰਿਲੀਜਨ, volume 10, ਪੰਨਾ-88